Punjabi - Number 43
March 2017

# ਟੌਕਸੋਪਲਾਜ਼ਮੋਸਿਸ

# Toxoplasmosis

## ਟੌਕਸੋਪਲਾਜ਼ਮੋਸਿਸ ਕੀ ਹੈ?

ਟੌਕਸੋਪਲਾਜ਼ਮੋਸਿਸ ਦੁਨੀਆਂ ਭਰ ਵਿੱਚ ਪੰਛੀਆਂ ਅਤੇ ਜਾਨਵਰਾਂ ਵਿਚ ਪਾਈ ਜਾਣ ਵਾਲੀ ਇੱਕ ਆਮ ਬਿਮਾਰੀ ਹੈ। ਇਹ ਵਿਗਾੜ ਟਾਕਸੋਪਲਾਜ਼ਮਾ ਗੋਂਡੀ (*Toxoplasma gondii)* ਨਾਮਕ ਪਰਜੀਵੀ ਕਰਕੇ ਹੁੰਦਾ ਹੈ। ਇਹ ਉੱਤਰੀ ਅਮਰੀਕਾ ਵਿਚ ਬਾਲਗ ਹੋਣ ਵੇਲੇ ਤੱਕ 100 ਵਿਚੋਂ 20 ਲੋਕਾਂ ਨੂੰ ਵਿਗਾੜਗ੍ਰਸਤ ਕਰਦਾ ਹੈ।

## ਟੌਕਸੋਪਲਾਜ਼ਮੋਸਿਸ ਦੇ ਲੱਛਣ ਕੀ ਹਨ?

ਵਿਗਾੜਗ੍ਰਸਤ ਹੋਣ ਵਾਲੇ ਜਿਆਦਾਤਰ ਲੋਕ ਕੋਈ ਵੀ ਲੱਛਣ ਨਹੀਂ ਦਰਸ਼ਾਉਂਦੇ। ਇੱਕ ਸਿਹਤਮੰਦ ਵਿਅਕਤੀ ਦੀ ਸੁਰੱਖਿਆ ਪ੍ਰਣਾਲੀ ਆਮਤੌਰ ਤੇ ਪਰਜੀਵੀ ਕਰਕੇ ਬਿਮਾਰੀ ਹੋਣ ਨੂੰ ਰੋਕ ਦਿੰਦੀ ਹੈ।

ਇਸ ਬਿਮਾਰੀ ਦੀ ਹਲਕੀ ਕਿਸਮ ਨਾਲ ਬਿਮਾਰ ਹੋਣ ਵਾਲੇ ਲੋਕਾਂ ਨੂੰ ਆਮਤੌਰ ਤੇ ਫਲੂ ਵਰਗੇ ਲੱਛਣ ਹੁੰਦੇ ਹਨ ਜਿਵੇਂ ਕਿ ਬੁਖਾਰ, ਗਲੇ ਵਿੱਚ ਦਰਦ, ਸਿਰਦਰਦ, ਮਾਸਪੇਸ਼ੀਆਂ ਵਿੱਚ ਦਰਦ ਅਤੇ ਥਕੇਵਾਂ। ਗਰਦਨ, ਕੱਛਾਂ ਜਾਂ ਚੱਡਿਆਂ ਵਿਚਲੇ ਗਲੈਂਡ ਸੁੱਜ ਸਕਦੇ ਹਨ ਪਰ ਆਮਤੌਰ ਤੇ ਦਰਦ ਨਹੀਂ ਕਰਦੇ। ਕੁਝ ਕੇਸਾਂ ਵਿੱਚ ਵਿਗਾੜ ਕਰਕੇ ਨਜ਼ਰ ਧੁੰਦਲੀ ਹੋ ਸਕਦੀ ਹੈ ਜਾਂ ਅਸਥਾਈ ਤੌਰ ਤੇ ਨਜ਼ਰ ਦੀ ਹਾਨੀ ਵੀ ਹੋ ਸਕਦੀ ਹੈ।

ਕੀਮੋਥੈਰੇਪੀ ਜਾਂ ਰੇਡੀਏਸ਼ਨ ਵਰਗੇ ਇਲਾਜ ਕਰਵਾ ਰਹੇ ਲੋਕਾਂ ਜਾਂ ਅਜਿਹੇ ਲੋਕ ਜਿੰਨਾਂ ਦੀ ਸੁਰੱਖਿਆ ਪ੍ਰਣਾਲੀ ਐਚ ਆਈ ਵੀ ਜਾਂ ਕਿਸੇ ਹੋਰ ਬਿਮਾਰੀ ਕਰਕੇ ਕਮਜ਼ੋਰ ਹੋ ਗਈ ਹੈ ਹੋਰ ਗੰਭੀਰ ਬਿਮਾਰੀ ਵਿਕਸਤ ਕਰ ਸਕਦੇ ਹਨ ਜਿਵੇਂ ਕਿ ਦਿਮਾਗ, ਅੱਖਾਂ, ਦਿਲ ਜਾਂ ਦੂਸਰੇ ਅੰਗਾਂ ਨੂੰ ਨੁਕਸਾਨ।

## ਟੌਕਸੋਪਲਾਜ਼ਮੋਸਿਸ ਕਿਵੇਂ ਫੈਲਦਾ ਹੈ?

ਸਾਰੇ ਜਾਨਵਰ ਅਤੇ ਪੰਛੀ *ਟੌਕਸੋਪਲਾਜ਼ਮਾ (Toxoplasma)* ਨਾਲ ਵਿਗਾੜਗ੍ਰਸਤ ਹੋ ਸਕਦੇ ਹਨ। ਇਹ ਪਰਜੀਵੀ ਪੰਛੀ ਜਾਂ ਜਾਨਵਰ ਦੇ ਪੱਠਿਆਂ ਵਿਚ ਉਸ ਸਮੇਂ ਦਾਖ਼ਲ ਹੁੰਦਾ ਹੈ ਜਦੋਂ ਉਹ ਕਿਸੇ ਵਿਗਾੜਗ੍ਰਸਤ ਜਾਨਵਰ ਦਾ ਕੱਚਾ ਮੀਟ ਖਾਂਦੇ ਹਨ ਜਾਂ ਦੁੱਧ ਪੀਂਦੇ ਹਨ। ਬਿੱਲੀਆਂ ਵੀ ਆਪਣੇ ਮਲ ਰਾਹੀਂ ਇਸ ਪਰਜੀਵੀ ਨੂੰ ਫੈਲਾ ਸਕਦੀਆਂ ਹਨ। ਇਹ ਬਿਮਾਰੀ ਇੱਕ ਮਨੁੱਖ ਤੋਂ ਦੂਜੇ ਮਨੁੱਖ ਤੱਕ ਨਹੀਂ ਫੈਲ ਸਕਦੀ, ਇੱਕ ਮਾਂ ਦੇ ਉਸਦੇ ਵਿਕਸਤ ਹੋ ਰਹੇ ਬੱਚੇ ਤੱਕ ਵਿਗਾੜ ਫੈਲਾਏ ਜਾਣ ਦੀ ਸੂਰਤ ਨੂੰ ਛੱਡ ਕੇ।

ਲੋਕਾਂ ਦੇ ਟੌਕਸੋਪਲਾਜ਼ਮੋਸਿਸ ਦੇ ਨਾਲ ਵਿਗਾੜਗ੍ਰਸਤ ਹੋਣ ਦੇ ਆਮ ਤਰੀਕਿਆਂ ਵਿੱਚ ਸ਼ਾਮਲ ਹਨ:

- ਬਿੱਲੀ ਦਾ ਲਿਟਰ ਬਾਕਸ ਸਾਫ ਕਰਨ ਤੋਂ ਬਾਅਦ ਜਾਂ ਬਿੱਲੀ ਦੇ ਮਲ ਦੇ ਨਾਲ ਸੰਪਰਕ ਵਿੱਚ ਆਉਣ ਵਾਲੀ ਕਿਸੇ ਵੀ ਚੀਜ਼ ਨੂੰ ਛਹੁਣ ਤੋਂ ਬਾਅਦ ਆਪਣੇ ਹੱਥਾਂ ਦੇ ਨਾਲ ਆਪਣੇ ਮੂੰਹ ਨੂੰ ਛੂਹਣਾ;
- ਕੱਚਾ ਜਾਂ ਘੱਟ ਪਕਿਆ ਹੋਇਆ ਮੀਟ ਖਾਣਾ;
- ਪੈਸਚੁਰਾਇਜ਼ ਨਾ ਕੀਤਾ ਗਿਆ ਦੁੱਧ ਪੀਣਾ;
- ਉਨ੍ਹਾਂ ਬਗੀਚਿਆਂ ਵਿੱਚ ਕੰਮ ਕਰਨ ਜਾਂ ਉਨ੍ਹਾਂ ਸੈਂਡਬਾਕਸਾਂ ਵਿੱਚ ਖੇਡਣ ਤੋਂ ਬਾਅਦ ਆਪਣੇ ਹੱਥਾਂ ਦੇ ਨਾਲ ਆਪਣੇ ਮੂੰਹ ਨੂੰ ਛੂਹਣਾ ਜਿੰਨਾਂ ਵਿੱਚ ਬਿੱਲੀ ਜਾਂ ਬਿੱਲੀਆਂ ਵਰਗੇ ਦੂਸਰੇ ਜਾਨਵਰਾਂ ਦਾ ਮਲ ਹੋ ਸਕਦਾ ਹੈ; ਜਾਂ
- ਗਲਤੀ ਨਾਲ ਖੇਡਣ ਵਾਲੇ ਮੈਦਾਨ ਵਿੱਚ ਦੂਸ਼ਿਤ ਮਿੱਟੀ ਅੰਦਰ ਲੰਘਾ ਲੈਣਾ।

ਲੋਕਾਂ ਦੇ ਟੌਕਸੋਪਲਾਜ਼ਮੋਸਿਸ ਦੇ ਨਾਲ ਵਿਗਾੜਗ੍ਰਸਤ ਹੋਣ ਦੇ ਦੂਸਰੇ, ਘੱਟ ਆਮ ਤਰੀਕਿਆਂ ਵਿੱਚ ਸ਼ਾਮਲ ਹਨ:

- *ਟੌਕਸੋਪਲਾਜ਼ਮਾ (Toxoplasma)* ਦੇ ਨਾਲ ਦੂਸ਼ਿਤ ਪਾਣੀ ਪੀਣਾ; ਜਾਂ
- ਵਿਗਾੜਗ੍ਰਸਤ ਅੰਗਾਂ ਦਾ ਪ੍ਰਤੀਰੋਪਣ ਜਾਂ ਖੂਨ ਦੀ ਬਦਲੀ ਪ੍ਰਾਪਤ ਕਰਨਾ – ਇਹ ਬਹੁਤ ਵਿਰਲੇ ਹੁੰਦਾ ਹੈ।

## ਗਰਭ ਅਵਸਥਾ ਅਤੇ ਟੌਕਸੋਪਲਾਜ਼ਮੋਸਿਸ

ਜੇ ਤੁਸੀਂ ਗਰਭਵਤੀ ਹੋ ਜਾਂ ਗਰਭਵਤੀ ਹੋਣ ਬਾਰੇ ਸੋਚ ਰਹੇ ਹੋ, ਇਸ ਹੈਲਥਲਿੰਕਬੀਸੀ ਫਾਇਲ ਵਿੱਚ ਦਿੱਤੀ ਗਈ ਸਲਾਹ ਕਿ ਵਿਗਾੜ ਨੂੰ ਕਿਵੇਂ ਰੋਕਿਆ ਜਾਏ ਤੇ ਅਮਲ ਕਰੋ। ਇੱਕ ਵੱਧਦਾ ਹੋਇਆ ਭਰੂਣ *ਟੌਕਸੋਪਲਾਜ਼ਮਾ (Toxoplasma)* ਦੇ ਨਾਲ ਵਿਗਾੜਗ੍ਰਸਤ ਹੋ ਸਕਦਾ ਹੈ ਜੇਕਰ ਮਾਂ ਗਰਭਵਤੀ ਹੋਣ ਦੌਰਾਨ ਪਰਜੀਵੀ ਨਾਲ ਵਿਗਾੜਗ੍ਰਸਤ ਹੋ ਜਾਂਦੀ ਹੈ।

ਸੰਭਵ ਹੈ ਔਰਤ ਨੂੰ ਕੋਈ ਲੱਛਣ ਨਾ ਹੋਣ, ਪਰ ਗਰਭ ਅਵਸਥਾ ਦੀ ਸ਼ੁਰੂਆਤ ਵਿੱਚ ਭਰੂਣ ਦੇ ਵਿਗਾੜਗ੍ਰਸਤ ਹੋਣ ਦਾ ਨਤੀਜਾ ਗਰਭਪਾਤ, ਮਾੜਾ ਵਿਕਾਸ, ਸਮੇਂ ਤੋਂ ਪਹਿਲਾਂ ਡਲਿਵਰੀ ਜਾਂ ਬੱਚਾ ਮਰਿਆ ਹੋਇਆ ਪੈਦਾ ਹੋਣਾ ਹੋ ਸਕਦਾ ਹੈ। ਜੇ ਬੱਚਾ ਟੌਕਸੋਪਲਾਜ਼ਮੋਸਿਸ ਦੇ ਨਾਲ ਪੈਦਾ ਹੁੰਦਾ ਹੈ, ਉਹ ਅੱਖਾਂ ਦੀਆਂ ਸਮੱਸਿਆਵਾਂ, ਹਾਈਡ੍ਰੋਸਿਫਲਸ (ਦਿਮਾਗ ਤੇ ਪਾਣੀ), ਕੜਵੱਲਾਂ ਜਾਂ ਮਾਨਸਿਕ ਅਪੰਗਤਾਵਾਂ ਦਾ ਅਨੁਭਵ ਕਰ ਸਕਦੇ ਹਨ।

ਸੰਭਵ ਹੈ ਕਿ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ *ਟੌਕਸੋਪਲਾਜ਼ਮਾ (Toxoplasma)* ਲਈ ਤੁਹਾਡੀ ਜਾਂਚ ਕਰੇ। ਇੱਕ ਵਿਗਾੜਗ੍ਰਸਤ, ਗਰਭਵਤੀ ਔਰਤ ਦਾ ਇਲਾਜ ਉਸਦੇ ਵਿਕਸਤ ਹੋ ਰਹੇ ਬੱਚੇ ਵਿੱਚ ਬਿਮਾਰੀ ਨੂੰ ਰੋਕ ਜਾਂ ਘਟਾ ਸਕਦਾ ਹੈ। ਵਿਗਾੜਗ੍ਰਸਤ ਬੱਚੇ ਦਾ ਇਲਾਜ ਉਸਦੇ ਵੱਧਣ ਦੇ ਨਾਲ ਬਿਮਾਰੀ ਦੀ ਤੀਬਰਤਾ ਨੂੰ ਘਟਾਉਣ ਵਿੱਚ ਸਹਾਇਤਾ ਵੀ ਕਰਦਾ ਹੈ।

## ਮੈਂ ਟੌਕਸੋਪਲਾਜ਼ਮੋਸਿਸ ਹੋਣ ਤੋਂ ਕਿਵੇਂ ਬੱਚ ਸਕਦਾ/ਦੀ ਹਾਂ?

ਤੁਸੀਂ ਇਸ ਸਲਾਹ ਦਾ ਪਾਲਣ ਕਰਕੇ ਟੌਕਸੋਪਲਾਜ਼ਮੋਸਿਸ ਹੋਣ ਤੋਂ ਬੱਚ ਸਕਦੇ ਹੋ:

- ਬਿੱਲੀ ਦੇ ਲਿਟਰ ਬਾਕਸ ਨੂੰ ਸਾਫ ਕਰਦੇ ਹੋਏ ਗਲਤੀ ਨਾਲ ਮਿੱਟੀ ਨੂੰ ਨਾ ਨਿਗਲਣ ਬਾਰੇ ਸਾਵਧਾਨ ਰਹੋ।
- ਜੇ ਗਰਭਵਤੀ ਹੋ ਜਾਂ ਗਰਭਵਤੀ ਹੋਣ ਦੀ ਕੋਸ਼ਿਸ਼ ਕਰ ਰਹੇ ਹੋ, ਜੇ ਸੰਭਵ ਹੋਏ ਤਾਂ ਬਿੱਲੀ ਦੇ ਲਿਟਰ ਬਾਕਸ ਨੂੰ ਸਾਫ ਕਰਨ ਤੋਂ ਪਰਹੇਜ਼ ਕਰੋ। ਜੇ ਕੋਈ ਵੀ ਹੋਰ ਇਹ ਕੰਮ ਨਹੀਂ ਕਰ ਸਕਦਾ, ਸੁੱਟ ਦਿੱਤੇ ਜਾ ਸਕਣ ਵਾਲੇ ਦਸਤਾਨੇ ਪਹਿਨੋ ਅਤੇ ਬਾਅਦ ਵਿੱਚ ਆਪਣੇ ਹੱਥਾਂ ਨੂੰ ਸਾਬਣ ਅਤੇ ਗਰਮ ਪਾਣੀ ਨਾਲ ਧੋਵੋ।
- ਬਿੱਲੀ ਦੇ ਲਿਟਰ ਬਾਕਸ ਨੂੰ ਸਾਫ ਕਰਨ ਵੇਲੇ ਦਸਤਾਨੇ ਪਹਿਨੋ ਅਤੇ ਫਿਰ ਆਪਣੇ ਹੱਥ ਧੋਵੋ।
- ਜੇ ਤੁਹਾਡੇ ਕੋਲ ਇੱਕ ਸੈਂਡਬਾਕਸ ਹੈ, ਬਿੱਲੀਆਂ ਨੂੰ ਉਸ ਨੂੰ ਲਿਟਰ ਬਾਕਸ ਦੀ ਤਰ੍ਹਾਂ ਵਰਤਣ ਤੋਂ ਰੋਕਣ ਲਈ ਉਸ ਤੇ ਇਕ ਪੱਕਾ ਢੱਕਣ ਲਗਾਓ।
- ਕੱਚਾ ਜਾਂ ਘੱਟ ਪਕਾਇਆ ਹੋਇਆ ਮੀਟ ਨਾ ਖਾਓ।
- ਦੂਸਰੇ ਭੋਜਨਾਂ ਨੂੰ ਦੂਸ਼ਿਤ ਹੋਣ ਤੋਂ ਰੋਕਣ ਲਈ ਕੱਚੇ ਮੀਟ ਦੇ ਨਾਲ ਕੰਮ ਕਰਨ ਤੋਂ ਬਾਅਦ ਆਪਣੇ ਹੱਥ, ਬਰਤਨ ਅਤੇ ਕਟਿੰਗ ਬੋਰਡ ਧੋਵੋ।
- ਕਿਸੇ ਵੀ ਜਾਨਵਰ ਦਾ ਪੈਸਚੁਜਾਇਜ਼ ਨਾ ਕੀਤਾ ਗਿਆ ਦੁੱਧ ਨਾ ਪਿਓ।
- ਬਾਗਬਾਨੀ ਕਰਨ ਵੇਲੇ ਦਸਤਾਨੇ ਪਹਿਨੋ ਅਤੇ ਬਾਅਦ ਵਿੱਚ ਆਪਣੇ ਹੱਥ ਧੋਵੋ।
- ਕਮਜ਼ੋਰ ਸੁਰੱਖਿਆ ਪ੍ਰਣਾਲੀ ਵਾਲੇ ਲੋਕ, ਜਿੰਨਾਂ ਨੂੰ ਆਪਣੇ ਭਾਈਚਾਰੇ ਵਿੱਚ ਪਾਣੀ ਦੀ ਗੁਣਵੱਤਾ ਬਾਰੇ ਚਿੰਤਾ ਹੈ ਨੂੰ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਸਲਾਹ ਕਰਨੀ ਚਾਹੀਦੀ ਹੈ ਕਿ ਕੀ ਉਨ੍ਹਾਂ ਨੂੰ ਆਪਣੇ ਪੀਚ ਦੇ ਪਾਣੀ ਦਾ ਉਪਚਾਰ ਕਰਨਾ ਚਾਹੀਦਾ ਹੈ ਜਾਂ ਬੋਤਲਬੰਦ ਪਾਣੀ ਵਰਤਣਾ ਚਾਹੀਦਾ ਹੈ।

## ਬਿੱਲੀਆਂ ਅਤੇ ਟੌਕਸੋਪਲਾਜ਼ਮੋਸਿਸ

ਤੁਹਾਡੀ ਪਾਲਤੂ ਬਿੱਲੀ ਉਨ੍ਹਾਂ ਦੇ ਮਲ ਦੇ ਰਾਹੀਂ ਬਿਮਾਰੀ ਨੂੰ ਤੁਹਾਡੇ ਤੱਕ ਫੈਲਾ ਸਕਦੀ ਹੈ। ਟੌਕਸੋਪਲਾਜ਼ਮੋਸਿਸ ਦੇ ਨਾਲ ਵਿਗਾੜਗ੍ਰਸਤ ਜਿਆਦਾਤਰ ਬਿੱਲੀਆਂ ਬਿਮਾਰ ਨਹੀਂ ਦਿਖਦੀਆਂ। ਬਿੱਲੀ ਦੇ ਵਿਗਾੜਗ੍ਰਸਤ ਹੋਣ ਤੋਂ ਸਿਰਫ 2 ਹਫਤੇ ਬਾਅਦ ਤੱਕ ਹੀ ਉਸ ਦੇ ਮਲ ਵਿੱਚ ਪਰਜੀਵੀ ਹੁੰਦਾ ਹੈ। ਪਰ, ਮਲ ਆਪਣੇ ਆਪ ਵਿੱਚ ਵਾਤਾਵਰਨ ਵਿੱਚ ਇੱਕ ਸਾਲ ਤੋਂ ਵੱਧ ਲਈ ਸੰਕਰਾਮਕ ਰਹਿ ਸਕਦਾ ਹੈ।

ਅੰਦਰ ਰਹਿਣ ਵਾਲੀਆਂ ਬਿੱਲੀਆਂ ਜਿੰਨ੍ਹਾਂ ਨੇ ਕਦੇ ਵੀ ਸ਼ਿਕਾਰ ਨਹੀਂ ਕੀਤਾ ਹੈ ਅਤੇ ਜਿੰਨ੍ਹਾਂ ਨੂੰ ਕੱਚਾ ਮੀਟ ਨਹੀਂ ਖੁਆਇਆ ਜਾਂਦਾ ਹੈ ਦੀ ਵਿਗਾੜਗ੍ਰਸਤ ਹੋਣ ਦੀ ਘੱਟ ਸੰਭਾਵਨਾ ਹੈ।

ਜੇ ਤੁਹਾਡੇ ਕੋਲ ਪਾਲਤੂ ਬਿੱਲੀ ਹੈ ਇਹ ਕੁਝ ਸੁਝਾਅ ਹਨ:

- ਆਪਣੀ ਬਿੱਲੀ ਨੂੰ ਪਿਆਰ ਕਰਨ, ਬੁਰਸ਼ ਕਰਨ ਜਾਂ ਉਸ ਦੁਆਰਾ ਚੱਟੇ ਜਾਣ ਤੋਂ ਬਾਅਦ ਆਪਣੇ ਹੱਥ ਧੋਵੋ।
- ਆਪਣੀ ਬਿੱਲੀ ਨੂੰ ਘਰ ਦੇ ਅੰਦਰ ਰੱਖੋ।
- ਲਿਟਰ ਬਾਕਸ ਨੂੰ ਰੋਜ਼ ਸਾਫ ਕਰੋ। *ਟੌਕਸੋਪਲਾਜ਼ਮਾ (Toxoplasma)* ਪਰਜੀਵੀ ਬਿੱਲੀ ਦੇ ਮਲ ਵਿੱਚ ਤਿਆਗ ਦਿੱਤੇ ਜਾਣ ਤੋਂ 1 ਤੋਂ 5 ਦਿਨਾਂ ਬਾਅਦ ਤੱਕ ਸੰਕਰਾਮਕ ਨਹੀਂ ਬਣਦਾ।
- ਬਿੱਲੀ ਦੇ ਮਲ ਨੂੰ ਪਲਾਸਟਿਕ ਦੇ ਬੈਗ ਵਿੱਚ ਪਾਓ ਅਤੇ ਕੂੜੇ ਵਿੱਚ ਸੁੱਟੋ।
- ਬਿੱਲੀ ਦੇ ਲਿਟਰ ਦੀ ਖਾਦ ਨਾ ਬਣਾਓ, ਜਾਂ ਲਿਟਰ ਨੂੰ ਆਪਣੇ ਬਗੀਚੇ ਦੇ ਨੇੜੇ ਨਾ ਸੁੱਟੋ।
- ਜੇ ਤੁਹਾਡੀ ਬਿੱਲੀ ਵਿੱਚ ਬਿਮਾਰੀ ਦੀਆਂ ਕੋਈ ਵੀ ਨਿਸ਼ਾਨੀਆਂ ਹਨ ਤਾਂ ਜਾਨਵਰਾਂ ਦੇ ਡਾਕਟਰ ਨੂੰ ਮਿਲੋ।
- ਆਪਣੀ ਬਿੱਲੀ ਨੂੰ ਵਪਾਰਕ ਸੁੱਕਾ ਜਾਂ ਡੱਬੇਬੰਦ ਭੋਜਨ ਖੁਆਓ, ਕੱਚੇ ਜਾਂ ਘੱਟ ਪਕਾਏ ਗਏ ਮੀਟ ਨਹੀਂ।

## ਕੀ ਟੌਕਸੋਪਲਾਜ਼ਮੋਸਿਸ ਲਈ ਕੋਈ ਇਲਾਜ ਹੈ?

ਜਿਆਦਾਤਰ ਲੋਕ ਇਲਾਜ ਤੋਂ ਬਿਨਾਂ ਟੌਕਸੋਪਲਾਜ਼ਮੋਸਿਸ ਤੋਂ ਠੀਕ ਹੋ ਜਾਣਗੇ। ਪਰ, ਵਿਗਾੜ ਦਾ ਇਲਾਜ ਕਰਨ ਲਈ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਕੋਲੋਂ ਦਵਾਈ ਉਪਲਬਧ ਹੈ। ਇਲਾਜ ਦੀ ਲੋੜ ਹੋ ਸਕਦੀ ਹੈ ਜੇ ਅੱਖਾਂ ਜਾਂ ਦਿਲ ਪ੍ਰਭਾਵਿਤ ਹਨ ਜਾਂ ਵਿਗਾੜ ਅਜਿਹੇ ਲੋਕਾਂ ਵਿੱਚ ਹੁੰਦਾ ਹੈ ਜਿਹੜੇ ਗਰਭਵਤੀ ਹਨ, ਜਿੰਨਾਂ ਦੀ ਸੁਰੱਖਿਆ ਪ੍ਰਣਾਲੀ ਕਮਜ਼ੋਰ ਹੈ, ਜਾਂ ਜਿੰਨਾਂ ਨੂੰ ਐਚਆਈਵੀ/ਏਡਜ਼ ਜਾਂ ਕੈਂਸਰ ਵਰਗੀਆਂ ਬਿਮਾਰੀਆਂ ਹਨ।

BC Centre for Disease Control
An agency of the Provincial Health Services Authority